# ਧੂੰਆਂ ਮੁਕਤ ਓਨਟੇਰੀਓ ਕਾਨੂੰਨ 2005

### ਕਾਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ : ਮਾਲਕਾਂ ਅਤੇ ਕਰਮਚਾਰੀਆਂ ਨੂੰ

## ਮੂਲ ਆਧਾਰ

- ਧੂੰਆਂ ਮੁਕਤ ਓਨਟੈਰੀਓ ਕਾਨੂੰਨ 31 ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਾਨੂੰਨ ਓਨਟੇਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

## ਬੰਦ ਕੰਮ ਦੀਆਂ ਥਾਵਾਂ

ਕਾਨੂੰਨ ਕਰਮਚਾਰੀਆਂ ਨੂੰ ਬੰਦ ਕੰਮ ਦੀ ਥਾਂ 'ਤੇ ਦੂਜੇ ਹੱਥ ਦੇ ਧੂੰਏ ਤੋਂ ਬਚਾਉਣਾ ਚਾਹੁੰਦਾ ਹੈ। ਬੰਦ ਕੰਮ ਦੀ ਥਾਂ ਤੋਂ ਭਾਵ ਹੈ ਕਿਸੇ ਇਮਾਰਤ, ਢਾਂਚੇ ਜਾਂ ਵਾਹਨ ਦੇ ਅੰਦਰ, ਜਿੱਥੇ ਕੋਈ ਕਰਮਚਾਰੀ ਕੰਮ ਕਰਦਾ ਹੈ ਜਾਂ ਆਪਣੇ ਕੰਮ ਦੇ ਦੌਰਾਨ ਜਾਂਦਾ ਆਉਂਦਾ ਹੈ (ਚਾਹੇ ਉਹ ਉਸ ਸਮੇਂ ਆਪਣੀ ਨੌਕਰੀ ਦੇ ਲਈ ਕੰਮ ਕਰ ਰਹੇ ਹੋਣ ਜਾਂ ਨਹੀਂ), ਅਤੇ ਇਸ ਵਿੱਚ ਸਾਂਝੀਆਂ ਥਾਵਾਂ ਜਿਵੇਂ ਕਿ ਗੁਸਲਖਾਨੇ, ਲਾਬੀਆਂ ਅਤੇ ਪਾਰਕਿੰਗ ਗਰਾਜ਼ ਸ਼ਾਮਲ ਹਨ। ਬੰਦ ਕੰਮ ਦੀਆਂ ਥਾਵਾਂ ਦੇ ਉਦਾਹਰਨਾਂ ਵਿੱਚ ਸ਼ਾਮਲ ਹਨ ਕਿਸੇ ਉਸਾਰੀ ਵਾਲੀ ਥਾਂ 'ਤੇ ਟ੍ਰੇਲਰ ਦਫ਼ਤਰ, ਲੱਦੇ ਜਾਣ ਵਾਲੇ ਜਹਾਜ ਗੋਦਾਮ ਦੇ ਅੰਦਰ ਜਾਂ ਡਿਲੀਵਰੀ ਟਰੱਕ ਦੇ ਅੰਦਰ। ਬੰਦ ਜਗ੍ਹਾਂ 'ਤੇ ਸਿਗਰੇਟ ਪੀਣ ਦੀ ਮਨਾਹੀ ਹਰ ਸਮੇਂ ਲਾਗੂ ਹੋਵੇਗੀ, ਕੰਮ ਤੋਂ ਬਾਅਦ ਦੇ ਸਮੇਂ ਵਿੱਚ ਵੀ ਜਦੋਂ ਲੋਗ ਕੰਮ ਨਾ ਕਰ ਰਹੇ ਹੋਣ।

## ਦੂਜੀਆਂ ਜਗ੍ਹਾਂ - ਸਿਗਰੇਟ ਪੀਣ ਲਈ ਨਿਰਧਾਰਿਤ ਕਮਰੇ, ਸਿਗਰੇਟ ਲਈ ਸ਼ੈਲਟਰ, ਕੈਫ਼ੇਟੇਰੀਆ, ਪੈਸ਼ੀਓ

ਸਿਗਰੇਟ ਪੀਣ ਲਈ ਨਿਰਧਾਰਿਤ ਕਮਰੇ (DSRs), ਜਿਨ੍ਹਾਂ ਦੀ ਕਈ ਵਾਰੀ ਸਥਾਨਿਕ ਨਗਰ ਪਾਲਿਕਾ ਕਾਨੂੰਨਾਂ ਅਧੀਨ ਆਗਿਆ ਦਿੱਤੀ ਗਈ ਸੀ, ਉਨ੍ਹਾਂ 'ਤੇ ਹੁਣ ਪਾਬੰਦੀ ਹੈ।

ਕੋਈ ਮਾਲਕ ਜੇ ਚਾਹੇ ਤਾਂ ਉਨ੍ਹਾਂ ਕਰਮਚਾਰੀਆਂ ਲਈ ਜੋ ਸਿਗਰੇਟ ਪੀਂਦੇ ਹਨ ਬਾਹਰਵਾਰ ਇੱਕ ਸ਼ੈਲਟਰ ਉਪਲਬਧ ਕਰਵਾ ਸਕਦਾ ਹੈ। ਉਸ ਮਾਲਕ ਨੂੰ ਜੋ ਬਾਹਰਵਾਰ ਸਿਗਰੇਟ ਲਈ ਸ਼ੈਲਟਰ ਉਪਲਬਧ ਕਰਵਾਉਂਦਾ ਹੈ, ਇਹ ਯਕੀਨੀ ਬਨਵਾਉਣਾ ਚਾਹੀਦਾ ਹੈ ਕਿ ਢਾਂਚਾ ਦੋ ਕੰਧਾਂ ਅਤੇ ਇੱਕ ਛੱਤ ਦਾ ਹੀ ਬਣਿਆ ਹੋਵੇ।

ਕੰਮ ਦੀ ਥਾਂ 'ਤੇ ਕੈਫ਼ੇਟੇਰੀਆ ਇੱਕ ਰੈਸਟੋਰੈਂਟ ਤਰ੍ਹਾਂ ਹੀ ਮੰਨੇ ਜਾਂਦੇ ਹਨ ਜਿਨ੍ਹਾਂ ਵਿੱਚ ਖਾਣਾ ਪੀਣਾ ਵਰਤਾਇਆ ਜਾਂਦਾ ਹੈ, ਵੇਚਿਆ ਜਾਂਦਾ ਹੈ ਜਾਂ ਉਪਭੋਗ ਲਈ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਕਿਸੇ ਕੈਫ਼ੇਟੇਰੀਆ ਜਾਂ ਖਾਣ ਪੀਣ ਦੇ ਇਲਾਕੇ ਦਾ ਹਿੱਸਾ ਹੋਣ ਵਾਲੇ ਜਾਂ ਉਸ ਦੇ ਨਾਲ ਲਗਦੇ ਬਾਹਰਵਾਰ ਪੈਸ਼ੀਓ ਨਾਲ ਸੰਬੰਧਤ ਸਿਗਰੇਟ ਪੀਣ ਦੀਆਂ ਪਾਬੰਦੀਆਂ ਅਤੇ ਹੇਠ ਲਿਖੀਆਂ ਮਾਲਕਾਂ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਉਸ ਪੈਸ਼ੀਓ ਵਿੱਚ ਸਿਗਰੇਟ ਪੀਣ ਦੀ ਮਨਾਹੀ ਹੈ ਜਿਸ ਦੀ ਛੱਤ ਹੋਵੇ, ਚਾਹੇ ਛੱਤ ਪੂਰੀ ਤਰ੍ਹਾਂ ਪੈਸ਼ੀਓ ਨੂੰ ਨਾ ਢੱਕਦੀ ਹੋਵੇ। ਛੱਤ ਵਿੱਚ ਸ਼ਾਮਿਆਨਾ, ਤਾਰਪੋਲੀਨ, ਤਿਰਪਾਲ ਦੀ ਛੱਤ ਜਾਂ ਹੋਰ ਕੱਚੀ ਜਾਂ ਪੱਕੀ ਪਰਤ ਜੋ ਬਾਰਸ਼ ਜਾਂ ਹਵਾ ਜਾਂ ਦੋਨਾਂ ਨੂੰ ਰੋਕਣ ਦੇ ਕਾਬਲ ਹੋਵੇ। ਇੱਕ ਇਕੱਲੀ ਛਤਰੀ ਜੋ ਇੱਕਲੇ ਮੇਜ਼ ਨੂੰ ਢੱਕਦੀ ਹੋਵੇ ਨੂੰ ਛੱਤ ਨਹੀਂ ਗਿਣਿਆ ਜਾਵੇਗਾ। ਪਰ ਜੇਕਰ ਛਤਰੀਆਂ ਨੂੰ ਇੱਕ ਛੱਤ ਦੇ ਰੂਪ ਵਿੱਚ ਵਰਤਿਆ ਜਾਵੇਗਾ ਤਾਂ ਇੰਸਪੈਕਟਰ ਇਸ ਨੂੰ ਛੱਤ ਹੀ ਗਿਣੇਗਾ ਅਤੇ ਉਸੇ ਅਨੁਸਾਰ ਕਾਰਵਾਈ ਕਰੇਗਾ।

## ਮਾਲਕਾਂ ਦੀਆਂ ਜ਼ਿੰਮੇਵਾਰੀਆਂ

ਸਾਰੇ ਮਾਲਕਾਂ ਨੂੰ ਚਾਹੀਦਾ ਹੈ :

- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਕਰਮਚਾਰੀਆਂ ਨੂੰ ਪਤਾ ਹੋਵੇ ਕਿ ਬੰਦ ਕੰਮ ਦੀਆਂ ਥਾਵਾਂ 'ਤੇ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜ਼ਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦੇਣ।
- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਕਰਮਚਾਰੀ ਕੰਮ ਦੀ ਥਾਂ 'ਤੇ ਸਿਗਰੇਟ ਨਾ ਪੀਣ।
- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਜੋ ਲੋਗ ਇਸ ਦੀ ਪਾਲਣਾ ਨਹੀਂ ਕਰਦੇ ਉਹ ਬੰਦ ਕੰਮ ਦੀਆਂ ਥਾਂ ਵਿੱਚ ਨਾ ਰਹਿਣ।
- *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗ੍ਹਾਂ ਉੱਤੇ ਲਗਾਉਣੇ ਚਾਹੀਦੇ ਹਨ ਤਾਕਿ ਸਭ ਨੂੰ ਪਤਾ ਲੱਗੇ ਕਿ ਸਿਗਰੇਟ ਪੀਣ 'ਤੇ ਪਾਬੰਦੀ ਹੈ। ਨਿਸ਼ਾਨ ਲੈਣ ਲਈ ਜਾਣਕਾਰੀ ਲਈ ਕਿਰਪਾ ਕਰਕੇ ਸਥਾਨਕ ਜਨਤੱਕ ਸਿਹਤ ਇਕਾਈ ਨਾਲ ਸੰਪਰਕ ਕਰੋ।

## ਕਰਮਚਾਰੀ

ਇੱਕ ਕਰਮਚਾਰੀ ਹੈ :

- ਇੱਕ ਵਿਅਕਤੀ ਜੋ ਮਾਲਕ ਲਈ ਕੋਈ ਵੀ ਕੰਮ ਕਰਦਾ ਹੈ, ਜਾਂ ਕੋਈ ਵੀ ਸੇਵਾ ਪ੍ਰਦਾਨ ਕਰਦਾ ਹੈ।
- ਇੱਕ ਵਿਅਕਤੀ ਜੋ ਮਾਲਕ ਦੇ ਵਪਾਰ ਜਾਂ ਕਿੱਤੇ ਵਿੱਚ ਕੋਈ ਨਿਰਦੇਸ਼ ਜਾਂ ਸਿੱਖਲਾਈ ਪ੍ਰਾਪਤ ਕਰਦਾ ਹੈ।

## ਕਰਮਚਾਰੀਆਂ ਲਈ ਬਚਾਵ

- ਇੱਕ ਮਾਲਕ ਕਿਸੇ ਕਰਮਚਾਰੀ ਨੂੰ ਜੋ ਕਾਨੂੰਨ ਦੀ ਪਾਲਣਾ ਕਰਦਾ ਹੋਵੇ ਜਾਂ ਪਾਲਣਾ ਕਰਨ ਦੀ ਮੰਗ ਕਰਦਾ ਹੋਵੇ, *ਨੌਕਰੀ ਤੋਂ ਛੁੱਟੀ ਨਹੀਂ ਕਰ ਸਕਦਾ, ਨੌਕਰੀ ਤੋਂ ਛੁੱਟੀ ਦੀ ਧਮਕੀ ਨਹੀਂ ਦੇ ਸਕਦਾ, ਅਨੁਸ਼ਾਸਨੀ ਕਾਰਵਾਈ ਨਹੀਂ ਕਰ ਸਕਦਾ, ਸਸਪੈਂਡ ਨਹੀਂ ਕਰ ਸਕਦਾ, ਸਜ਼ਾ ਨਹੀਂ ਦੇ ਸਕਦਾ, ਡਰਾ ਨਹੀਂ ਸਕਦਾ, ਦਬਾ ਨਹੀਂ ਪਾ ਸਕਦਾ।*
- ਜੇ ਕਿਸੇ ਕਰਮਚਾਰੀ ਨੂੰ ਆਪਣੇ ਮਾਲਕ ਵੱਲੋਂ ਉਪਰੋਕਤ ਕੋਈ ਵੀ ਕਾਰਵਾਈ ਦਾ ਅਨੁਭਵ ਹੁੰਦਾ ਹੈ, ਤਾਂ ਉਹ ਆਪਣਿਆਂ ਸ਼ਿਕਾਇਤਾਂ ਓਨਟੈਰੀਓ ਮਜ਼ਦੂਰ ਸੰਬਧ ਬੋਰਡ ਨੂੰ ਭੇਜ ਸਕਦਾ ਹੈ।

ਸ਼ਿਕਾਇਤ ਦਰਜ਼ ਕਰਵਾਉਣ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਮਜ਼ਦੂਰ ਮੰਤਰਾਲੇ ਨੂੰ ਫ਼ੋਨ ਕਰੋ :

- 877-339-3335 (ਕੇਵਲ ਓਨਟੈਰੀਓ ਵਿੱਚ ਮੁਫ਼ਤ)
- 416-326-7500 ਟੋਰੋਂਟੋ ਵਿੱਚ

ਜਾਂ ਮਜ਼ਦੂਰ ਮੰਤਰਾਲੇ ਦੀ ਵੈਬਸਾਈਟ 'ਤੇ ਇਸ ਪਤੇ 'ਤੇ ਜਾਉ www.labour.gov.on.ca./english/hs/faq/faq_3.html

### ਪਾਲਣਾ

ਸਥਾਨਕ ਜਨਤੱਕ ਸਿਹਤ ਇਕਾਈਆਂ ਕਾਨੂੰਨ ਦੀ ਪਾਲਣਾ ਕਰਵਾਉਣ ਲਈ ਕੰਮ ਦੀਆਂ ਥਾਵਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਜ਼ੁਰਮਾਨੇ

ਕਿਸੇ ਵਿਅਕਤੀ ਨੂੰ ਕਾਨੂੰਨ ਦੇ ਕਰਮਚਾਰੀਆਂ ਦੇ ਬਚਾਵ ਸੰਬੰਧੀ ਇਸ ਭਾਗ ਅਧੀਨ ਦੋਸ਼ੀ ਪਾਏ ਜਾਣ 'ਤੇ ਵੱਧ ਤੋਂ ਵੱਧ $4,000 ਦਾ ਜੁਰਮਾਨਾ ਹੋ ਸਕਦਾ ਹੈ, ਕਿਸੇ ਸੰਸਥਾ ਨੂੰ ਕਾਨੂੰਨ ਦੇ ਇਸ ਭਾਗ ਅਧੀਨ ਦੋਸ਼ੀ ਪਾਏ ਜਾਣ 'ਤੇ ਵੱਧ ਤੋਂ ਵੱਧ $10,000 ਦਾ ਜੁਰਮਾਨਾ ਹੋ ਸਕਦਾ ਹੈ।

ਮਾਲਕ ਦੀਆਂ ਜ਼ਿੰਮੇਵਾਰੀਆਂ ਦੀ ਉਲੰਘਨਾ ਕਰਨ 'ਤੇ ਅਤੇ ਸਿਗਰੇਟ ਵਿਰੁੱਧ ਆਮ ਪਾਬੰਦੀ ਦੀ ਉਲੰਘਨਾ ਕਰਨ 'ਤੇ ਇੱਖ ਵਿਅਕਤੀ ਨੂੰ ਵੱਧ ਤੋਂ

ਵੱਧ $5,000 ਦਾ ਜੁਰਮਾਨਾ ਹੋ ਸਕਦਾ ਹੈ, ਜਦਕਿ ਕਿਸੇ ਸੰਸਥਾ ਵਾਸਤੇ ਕੋਈ ਵੱਧ ਤੋਂ ਵੱਧ ਜੁਰਮਾਨੇ ਦੀ ਸੀਮਾ ਨਹੀਂ।

ਇਹ ਤੱਥ ਸ਼ੀਟ ਕੇਵਲ ਜਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਆਪਣੀ ਸਥਾਨਕ ਜਨਤੱਕ ਸਿਹਤ ਇਕਾਈ ਨਾਲ ਸੰਪਰਕ ਕਰੋ।
ਤੁਸੀਂ ਮੁਫ਼ਤ ਫ਼ੋਨ ਕਰਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ :

- **ਇੰਫ਼ੋਲਾਈਨ** 1-866-396-1760
- **ਉੱਚਾ ਸੁਣਨ ਵਾਲਿਆਂ ਲਈ** 1-800-387-5559 ਕੰਮ ਦਾ ਸਮਾਂ : ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਾਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਓਨਟੈਰੀਓ ਸਿਹਤ ਉੱਨਤੀ ਮੰਤਰਾਲੇ ਦੀ ਵੈਬਸਾਈਟ ਤੇ ਜਾਉ : http://www.mhp.gov.on.ca/english/health/smoke_free/legislation.asp.

ਮਈ 2006



Ontario